# News Release

City of Mississauga
300 City Centre Drive
Mississauga, ON L5B 3C1

mississauga.ca facebook.com/citymississauga x.com/citymississauga

# Mississauga ਦੀਆਂ 2026 ਦੀਆਂ ਮਿਊਨਿਸਿਪਲ ਚੋਣਾਂ ਦੇ ਅਧਿਕਾਰਤ ਨਤੀਜੇ ਪ੍ਰਮਾਣਿਤ ਕੀਤੇ ਗਏ

ਸਿਟੀ ਕਲਰਕ ਨੇ ਅਧਿਕਾਰਤ ਤੌਰ 'ਤੇ ਇਹ ਪੁਸ਼ਟੀ ਕਰਦੇ ਹੋਏ, Mississauga ਦੀਆਂ 2026 ਦੀਆਂ ਮਿਊਨਿਸਿਪਲ ਚੋਣਾਂ ਦੇ ਨਤੀਜਿਆਂ ਨੂੰ ਪ੍ਰਮਾਣਿਤ ਕੀਤਾ ਹੈ ਕਿ, ਮੇਅਰ, ਸਿਟੀ ਕੌਂਸਲ ਅਤੇ ਸਕੂਲ ਬੋਰਡ ਟ੍ਰਸਟੀਜ ਨੂੰ 2026 ਤੋਂ 2030 ਦੀ ਟਰਮ ਦੇ ਦੌਰਾਨ ਵਸਨੀਕਾਂ ਲਈ ਕੰਮ ਕਰਨ ਵਾਸਤੇ ਚੁਣਿਆ ਗਿਆ ਹੈ।

28 ਅਕਤੂਬਰ, 2026




Mississauga ਦੇ ਸਿਟੀ ਕਲਰਕ ਨੇ ਅਧਿਕਾਰਤ ਤੌਰ 'ਤੇ, 2026 ਦੀਆਂ ਮਿਊਨਿਸਿਪਲ ਚੋਣਾਂ ਦੇ ਨਤੀਜਿਆਂ ਨੂੰ ਪ੍ਰਮਾਣਿਤ ਕੀਤਾ ਹੈ।

ਇਹ ਪ੍ਰਮਾਣੀਕਰਨ, ਸਾਰੀਆਂ ਵੋਟਾਂ ਦੀ ਗਿਣਤੀ ਤੋਂ ਬਾਅਦ ਅਤੇ ਮਿਊਨਿਸਿਪਲ ਇਲੈਕਸ਼ਨਸ ਐਕਟ (Municipal Elections Act) ਦੀਆਂ ਸ਼ਰਤਾਂ ਦੇ ਮੁਤਾਬਕ ਤਸਦੀਕ ਕੀਤੇ ਜਾਣ ਤੋਂ ਬਾਅਦ ਚੋਣਾਂ ਦੇ ਅੰਤਿਮ ਨਤੀਜਿਆਂ ਦੀ ਪੁਸ਼ਟੀ ਕਰਦਾ ਹੈ।

Mississauga ਦੇ ਵੋਟਰਾਂ ਨੇ ਮੇਅਰ, 11 ਵਾਰਡ/ਰੀਜਨਲ ਕੌਂਸਲਰਾਂ ਅਤੇ ਸਕੂਲ ਬੋਰਡ ਟ੍ਰਸਟੀਜ ਦੀ ਚੋਣ ਕੀਤੀ ਹੈ। ਇਹ ਚੁਣੇ ਗਏ ਅਧਿਕਾਰੀ ਅਗਲੇ ਚਾਰ ਵਰ੍ਹਿਆਂ ਤੱਕ, ਸ਼ਹਿਰ ਦੀਆਂ ਸੇਵਾਵਾਂ, ਸਿੱਖਿਆ, ਇੰਫਰਾਸਟ੍ਰਕਚਰ ਅਤੇ ਕਮਿਊਨਿਟੀ ਦੀਆਂ ਤਰਜੀਹਾਂ ਬਾਰੇ ਫੈਸਲੇ ਲੈਣ ਵਿੱਚ ਮਦਦ ਕਰਨਗੇ।

ਵੋਟ ਪਾਉਣ ਵਾਲੇ ਵੋਟਰਾਂ ਦੀ ਅਧਿਕਾਰਤ ਸੰਖਿਆ 191,166 ਸੀ। ਅਧਿਕਾਰਤ ਵੋਟਿੰਗ ਦਰ, ਯੋਗ ਵੋਟਰਾਂ ਦੀ ਕੁੱਲ ਸੰਖਿਆ ਦਾ 33.9 ਪ੍ਰਤੀਸ਼ਤ ਸੀ। ਸਕੂਲ ਬੋਰਡ ਟ੍ਰਸਟੀ ਦੇ ਨਤੀਜਿਆਂ ਸਮੇਤ, ਪੂਰੇ ਪ੍ਰਮਾਣਿਤ ਨਤੀਜੇ ਸਾਡੇ, Mississauga ਇਲੈਕਸ਼ਨਸ ਪੇਜ (Mississauga Elections page) 'ਤੇ ਦੇਖੋ।

## ਕੌਂਸਲ ਦੀ ਪਹਿਲੀ ਰਸਮੀ ਮੀਟਿੰਗ

ਪ੍ਰਮਾਣਿਤ ਕੀਤੇ ਗਏ ਨਤੀਜਿਆਂ ਨਾਲ, 2026 ਦੀਆਂ ਮਿਊਨਿਸਿਪਲ ਚੋਣਾਂ ਅਧਿਕਾਰਤ ਬਣਦੀਆਂ ਹਨ ਅਤੇ ਕੌਂਸਲ ਦੀ 2026 ਤੋਂ 2030 ਦੀ ਟਰਮ ਸ਼ੁਰੂ ਹੁੰਦੀ ਹੈ।

Mississauga ਸ਼ਹਿਰ, ਸੋਮਵਾਰ 16 ਨਵੰਬਰ ਨੂੰ, ਸ਼ਾਮ 7 ਵਜੇ, ਲਿਵਿੰਗ ਆਰਟਸ ਸੈਂਟਰ (Living Arts Centre), 4141 Living Arts Dr. ਵਿੱਚ ਮੇਨ ਔਡੀਟੋਰੀਅਮ ਵਿੱਚ ਪਹਿਲੀ ਰਸਮੀ ਮੀਟਿੰਗ ਰੱਖੇਗਾ, ਜੋ ਕਿ ਨਵੀਂ ਚੁਣੀ ਗਈ ਕੌਂਸਲ ਦੀ ਪਹਿਲੀ ਮੀਟਿੰਗ ਹੋਵੇਗੀ।

ਸਮਾਰੋਹ ਦੇ ਦੌਰਾਨ, ਮੇਅਰ ਅਤੇ ਕੌਂਸਲ ਦੇ ਮੈਂਬਰ ਆਪੋ-ਆਪਣੇ ਅਹੁਦੇ ਦੀ ਸਹੁੰ ਚੁੱਕਣਗੇ ਅਤੇ ਰਸਮੀ ਤੌਰ 'ਤੇ ਕੌਂਸਲ ਦੀ ਆਪਣੀ ਟਰਮ ਸ਼ੁਰੂ ਕਰਨਗੇ।

2026 ਦੀਆਂ ਮਿਊਨਿਸਿਪਲ ਚੋਣਾਂ ਅਤੇ ਪ੍ਰਮਾਣਿਤ ਨਤੀਜਿਆਂ ਬਾਰੇ ਵਧੇਰੇ ਜਾਣਕਾਰੀ ਲਈ, mississauga.ca/elections 'ਤੇ ਜਾਓ ਜਾਂ 905-615-VOTE (8683) 'ਤੇ ਕਾੱਲ ਕਰੋ।

-30-

## ਮੀਡੀਆ ਸੰਪਰਕ:

Mississauga ਸ਼ਹਿਰ ਮੀਡੀਆ ਰਿਲੇਸ਼ਨਸ
media@mississauga.ca

# News Release

City of Mississauga
300 City Centre Drive
Mississauga, ON L5B 3C1

mississauga.ca facebook.com/citymississauga x.com/citymississauga

905-615-3200, ਐਕਸਟੈਨਸ਼ਨ 5232
TTY: 905-896-5151